ਮਿਨਿਸਟਰ ਦਾ ਬਿਆਨ

# ਗੁਰੁ ਗੋਬਿੰਦ ਸਿੰਘ ਜੀ: ਮਿਨਿਸਟਰ ਸਾਹਨੀ

5 ਜਨਵਰੀ 2023

---

ਵਪਾਰ, ਇੰਮੀਗਰੇਸ਼ਨ ਅਤੇ ਬਹੁ-ਸੱਭਿਆਚਾਰਵਾਦ ਦੇ ਮਿਨਿਸਟਰ ਰਾਜਨ ਸਾਹਨੀ ਨੇ ਗੁਰੁ ਗੋਬਿੰਦ ਸਿੰਘ ਜੀ ਦੇ ਜਨਮ-ਪੁਰਬ 'ਤੇ ਹੇਠਾਂ ਦਿੱਤਾ ਗਿਆ ਬਿਆਨ ਜਾਰੀ ਕੀਤਾ:

"ਅੱਜ ਐਲਬਰਟਾ ਅਤੇ ਦੁਨੀਆਂ ਭਰ ਦੇ ਸਿੱਖ ਇਕੱਠੇ ਹੋਏ ਹਨ ਅਤੇ ਸਿੱਖ ਧਰਮ ਦੇ ਦਸਵੇਂ ਗੁਰੁ, ਗੁਰੂ ਗੋਬਿੰਦ ਸਿੰਘ ਜੀ ਦੇ ਜਨਮ-ਪੁਰਬ ਦੇ ਜ਼ਸ਼ਨ ਮਨਾ ਰਹੇ ਹਨ।

"1666 'ਚ ਜਨਮੇਂ ਗੁਰੂ ਗੋਬਿੰਦ ਸਿੰਘ ਜੀ ਇਕ ਰੂਹਾਨੀ ਲੀਡਰ, ਕਵੀ, ਫਿਲਾਸਫਰ ਅਤੇ ਯੋਧੇ ਸਨ। ਉਨ੍ਹਾਂ ਦੀ ਸਥਾਈ ਵਿਰਾਸਤ 'ਚ 1699 ਦੀ ਵਿਸਾਖੀ ਦੇ ਦਿਹਾੜੇ 'ਤੇ ਖਾਲਸਾ ਵਜੋਂ ਜਾਣੇ ਜਾਂਦੇ ਅੰਮ੍ਰਿਤਧਾਰੀ ਸਿੱਖਾਂ ਦੇ ਇਕ ਭਾਈਚਾਰੇ ਦੀ ਸਥਾਪਨਾਂ ਕਰਨਾਂ ਸ਼ਾਮਲ ਹੈ।

"ਇਸ ਅਵਸਰ 'ਤੇ ਐਲਬਰਟਾ ਭਰ 'ਚ ਸਿੱਖ ਗੁਰਦੁਆਰਿਆਂ 'ਚ ਅਰਦਾਸ ਕਰਨ ਲਈ ਇਕੱਤਰ ਹੁੰਦੇ ਹਨ, ਰਵਾਇਤੀ ਧਾਰਮਿਕ ਸ਼ਬਦ ਗਾਉਂਦੇ ਹਨ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਸਿੱਖਿਆਵਾਂ – ਸੱਚ ਬੋਲਣ, ਨਿਆਂ ਕਰਨ ਅਤੇ ਬਰਾਬਰੀ ਵਾਸਤੇ ਲੜਨ ਦੀਆਂ ਸਿੱਖਿਆਵਾਂ 'ਤੇ ਚਾਨਣਾ ਪਾਉਂਦੇ ਹਨ। ਇਹ ਕੀਮਤਾਂ ਕੇਵਲ ਸਾਰੇ ਸਿੱਖਾਂ ਦੀ ਰੋਜ਼ਾਨਾਂ ਜ਼ਿੰਦਗੀ ਨੂੰ ਹੀ ਪ੍ਰਭਾਵਤ ਨਹੀਂ ਕਰਦੀਆਂ, ਸਗੋਂ ਇਹ ਇਸ ਗੱਲ ਲਈ ਵੀ ਬੁਨਿਆਦੀ ਹਨ ਕਿ ਐਲਬਰਟਾ ਵਾਸੀਆਂ ਵਜੋਂ ਅਸੀਂ ਕੌਣ ਹਾਂ।

"ਮੈਂ ਅੱਜ ਗੁਰੁ ਗੋਬਿੰਦ ਸਿੰਘ ਜੀ ਦਾ ਜਨਮ-ਪੁਰਬ ਮਨਾ ਰਹੇ ਹਰੇਕ ਨੂੰ ਆਪਣੀਆਂ ਸ਼ੁੱਭ-ਇੱਛਾਵਾਂ ਪੇਸ਼ ਕਰਦਿਆਂ ਸਾਰੇ ਐਲਬਰਟਾ ਵਾਸੀਆਂ ਨੂੰ ਆਪਣੇ ਨਾਲ ਸ਼ਾਮਲ ਹੋਣ ਦਾ ਸੱਦਾ ਦਿੰਦਾ ਹਾਂ।

"ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।"

**ਮੀਡੀਆ ਇਨਕੁਆਰੀਆਂ**


Garrett Koehler
garrett.koehler@gov.ab.ca

780-544-5777

ਪ੍ਰੈੱਸ ਸੈਕਰੇਟਰੀ, ਟਰੇਡ, ਇੰਮੀਗ੍ਰੇਸ਼ਨ ਐਂਡ ਮਲਟੀਕਲਚਰਲਿਜ਼ਮ